ਸ਼੍ਰੇਣੀ ਦੂਜੀ
ਪੰਜਾਬੀ (ਪਹਿਲੀ ਭਾਸ਼ਾ)

ਉਦੇਸ਼ :

1. ਪੜ੍ਹਨਾ

(ੳ) ਵਿਦਿਆਰਥੀ ਸੰਯੁਕਤ ਅੱਖਰਾਂ ਵਾਲ਼ੇ ਜਾਣੇ-ਪਛਾਣੇ ਸ਼ਬਦਾਂ ਨੂੰ ਪੜ੍ਹ ਸਕੇ।

(ਅ) ਪੂਰਨ-ਵਿਸਰਾਮ, ਕਾਮਾ, ਪ੍ਰਸ਼ਨਵਾਚਕ ਤੇ ਵਿਸਮਕ-ਚਿੰਨ੍ਹਾਂ ਅਨੁਸਾਰ ਬੋਲ ਕੇ ਪੜ੍ਹ ਸਕੇ।

(ਏ) ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਤੇ ਲੇਖ ਪੜ੍ਹ ਸਕੇ।

2. ਗ੍ਰਹਿਣ ਕਰਨਾ

(i) ਸੁਣ ਕੇ

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ।

(ਏ) ਆਮ ਗੱਲ-ਬਾਤ, ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਚੁਟਕਲੇ ਆਦਿ ਸੁਣ ਕੇ ਸਮਝ ਸਕੇ।

(ਸ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਦੇਖੇ/ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) ਪੜ੍ਹ ਕੇ

(ੳ) ਵਿਦਿਆਰਥੀ ਪਾਠ -ਪੁਸਤਕਾਂ ਦੇ ਪਾਠ ਨੂੰ ਪੜ੍ਹ ਕੇ ਸਮਝ ਸਕੇ ਅਤੇ ਉਸ ਬਾਰੇ ਪੁੱਛੇ ਸਰਲ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ।

(ਅ) ਪੜ੍ਹਦੇ ਸਮੇਂ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

3. ਪ੍ਰਗਟਾਅ

(i) ਮੌਖਿਕ

(ੳ) ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਿਸੇ ਕਵਿਤਾ ਜਾਂ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।

(ਅ) ਪਾਠ-ਪੁਸਤਕਾਂ ਵਿਚਲੇ ਪੜ੍ਹੇ ਪਾਠਾਂ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

(ਏ) ਆਪਣੀ ਪਾਠ-ਪੁਸਤਕਾਂ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) ਲਿਖਤੀ

(ੳ) ਵਿਦਿਆਰਥੀ ਪਾਠ-ਅਭਿਆਸਾਂ ਵਿੱਚੋਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ਏ) 'ਸਮਝੋ ਤੇ ਲਿਖੋ' ਸਿਰਲੇਖ ਹੇਠ ਦਿੱਤੀਆਂ ਉਦਾਹਰਨਾਂ ਨੂੰ ਦੇਖ ਕੇ ਲਿੰਗ ਤੇ ਵਚਨ ਬਦਲ ਕੇ ਲਿਖ ਸਕੇ।

(ਸ) ਸਧਾਰਨ ਵਾਕਾਂ ਨੂੰ ਲਿਖ ਸਕੇ।

ਨਿਰਧਾਰਿਤ ਪਾਠ-ਪੁਸਤਕ-

1. ਪੰਜਾਬੀ ਪੁਸਤਕ-2
   (ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)